2029

ਵੱਲੋ:

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
(ਤਕਨੀਕੀ ਸਿੱਖਿਆ ਵਿੰਗ),ਚੰਡੀਗੜ੍ਹ।

ਵੱਲ

ਰਜਿਸਟਰਾਰ
ਪੰਜਾਬ ਤਕਨੀਕੀ ਯੂਨੀਵਰਸਿਟੀ,
ਜਲੰਧਰ।

ਮੀਮੋ ਨੰ:੧੫੦ /ਸਕਾਲਰਸ਼ਿਪ/2013 ਮਿਤੀ: ੨੨-10-2013

ਵਿਸ਼ਾ:- ਵੈਬ ਪੋਰਟਲ ਤੇ ਨਾਨ ਏ.ਆਈ.ਸੀ.ਟੀ.ਈ. ਸੰਸਥਾਵਾਂ ਦੀ ਰਜਿਸਟਰੇਸ਼ਨ ਸਬੰਧੀ।

ਹਵਾਲਾ: ਉਪਰੋਕਤ ਵਿਸ਼ੇ ਤੇ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਦੇ ਅਧੀਨ ਨਾਨ ਏ.ਆਈ.ਸੀ.ਟੀ.ਈ./ ਪੀ.ਆਈ.ਟੀ. (P.I.Ts) ਸੰਸਥਾਵਾਂ ਵਲੋਂ ਵੈਬ ਪੋਰਟਲ ਤੇ ਕਲੇਮ ਏ.ਆਈ.ਸੀ.ਟੀ.ਈ. ਅਧੀਨ ਦਿੱਤੇ ਪਾਸਵਰਡ ਅਤੇ ਸੈਕਸਨਿੰਗ ਅਥਾਰਟੀ ਨੂੰ ਭੇਜ ਦਿੱਤੇ ਗਏ ਹਨ ਜੋ ਕਿ ਸੰਸਥਾ ਦੇ ਪੱਧਰ ਤੇ ਇੱਕ ਬਹੁਤ ਵੱਡੀ ਲਾਪਰਵਾਹੀ ਹੋਈ ਹੈ। ਜਿਸ ਕਾਰਨ ਵਿਦਿਆਰਥੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣੇ ਕਰਨਾ ਪੈ ਸਕਦਾ ਹੈ। ਇਸ ਲਈ ਮੁਖ ਦਫਤਰ ਵੱਲੋਂ ਏ.ਆਈ.ਸੀ.ਟੀ.ਈ. ਦੀ ਸੈਕਸਨਿੰਗ ਅਥਾਰਟੀ ਨੂੰ ਇਹ ਕੇਸ ਰਿਜੈਕਟ ਕਰਨ ਲਈ ਕਿਹਾ ਗਿਆ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਵੱਲੋਂ ਦਿੱਤੀ ਗਈ ਨਾਨ ਏ.ਆਈ.ਸੀ.ਟੀ.ਈ. ਅਪਰੂਵਡ ਸੰਸਥਾਵਾਂ ਅਤੇ ਉਹਨਾਂ ਦੇ ਈ.ਮੇਲ ਆਈ.ਡੀ. ਤੇ ਮੁੱਖ ਦਫਤਰ ਵੱਲੋਂ ਯੂਜਰ ਆਈ.ਡੀ. ਅਤੇ ਪਾਸਵਰਡ ਦੇ ਦਿੱਤੇ ਗਏ ਹਨ। ਪਰੰਤੂ ਅਜੇ ਵੀ ਲੱਗਭੱਗ 70 ਸੰਸਥਾਵਾਂ ਅਨਰਜਿਸਟਰਡ ਸ਼ੋ ਹੋ ਰਹੀਆ ਹਨ, ਇਸ ਲਈ ਇਹਨਾਂ ਸੰਸਥਾਵਾਂ ਅਧੀਨ ਸੰਸਥਾ ਦੇ ਯੋਗ ਵਿਦਿਆਰਥੀਆਂ ਤੋਂ ਉਹਨਾਂ ਦੇ ਨਾਮ ਜਾਂ ਉਹਨਾਂ ਦੇ ਮਾਤਾ ਪਿਤਾ ਦੇ ਨਾਮ ਵਿੱਚ ਸ੍ਰ:/ਸ੍ਰੀ/ਮਿਸਟਰ ਆਦਿ ਲਗਾ ਕੇ ਦੁਬਾਰਾ ਰਜਿਸਟਰੇਸ਼ਨ ਆਖਰੀ ਮਿਤੀ ਤੋਂ ਪਹਿਲਾ ਪਹਿਲਾਂ ਕਰਵਾਉਣੀ ਯਕੀਨੀ ਬਣਾਈ ਜਾਵੇ। ਜੇਕਰ ਕੋਈ ਯੋਗ ਵਿਦਿਆਰਥੀ ਪੋਰਟਲ ਤੇ ਅਪਲਾਈ ਕਰਨ ਤੋਂ ਰਹਿ ਜਾਂਦਾ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ। ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਨਾਨ ਏ.ਆਈ.ਸੀ.ਟੀ.ਈ. ਸੰਸਥਾਵਾਂ ਦੀ ਵੈਬ ਪੋਰਟਲ ਤੇ ਰਜਿਸਟਰੇਸ਼ਨ ਮਿਤੀ 23.10.2013 ਤੱਕ ਕਰਨ ਉਪਰੰਤ ਪਾਲਣਾ ਰਿਪੋਰਟ dtescholarship@yahoo.com ਤੇ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਵਿਦਿਆਰਥੀ ਆਨ ਲਾਈਨ ਅਪਲਾਈ ਕਰ ਸਕਣ।

ਰ:ਸ:
ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ:੧੫੧-੧੫੨/ਸਕਾਲਰਸ਼ਿਪ/2013 ਮਿਤੀ:੨੨-10-2013

ਉਪਰੋਕਤ ਦਾ ਇੱਕ ਉਤਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਟੈਟ ਇਨਫਰਮੈਟਿਕ ਅਫਸਰ, ਐਨ.ਆਈ.ਸੀ. ਚੰਡੀਗੜ੍ਹ।
2. ਡਾਇਰੈਕਟਰ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ. ਨੰ: 128-29, ਸੈਕਟਰ 34 ਏ, ਚੰਡੀਗੜ੍ਹ।

ਰ:ਸ:
ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ